بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਜੰਗੇ ਬਦਰ ਦੇ ਹਾਲਾਤ ਅਤੇ ਕਿੱਸੇ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 14 ਜੁਲਾਈ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ ਜੰਗੇ ਬਦਰ ਦੇ ਹਵਾਲੇ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਅਤੇ ਕਿੱਸਿਆਂ ਬਾਰੇ ਜ਼ਿਕਰ ਹੋ ਰਿਹਾ ਸੀ । ਜੰਗੇ ਬਦਰ ਖ਼ਤਮ ਹੋਈ ਅਤੇ ਕੁੱਫ਼ਾਰ ਨੂੰ ਰਬੱ ਨੇ ਉਹਨਾਂ ਦੇ ਅੰਜਾਮ ਤਕੱ ਪਹੁੰਚਾ ਦਿੱਤਾ । 70 ਕੁੱਫ਼ਾਰ ਮਾਰੇ ਗਏ । ਜਿੰਨ੍ਹਾਂ ਵਿਚੱ ਬਹੁਤ ਸਾਰੇ ਸਰਦਾਰ ਅਤੇ ਰਈਸ ਵੀ ਸ਼ਾਮਿਲ ਸਨ ।

ਕੁਰੈਸ਼ ਦੇ ਰਈਸਾਂ ਨੂੰ ਦਫ਼ਨ ਕਰਨ ਬਾਰੇ ਇਹ ਜ਼ਿਕਰ ਮਿਲਦਾ ਹੈ । ਸਹੀ ਬੁਖ਼ਾਰੀ ਦੀ ਰਵਾਯਤ ਹੈ ਕਿ ਇਕੱ ਵਾਰ ਨਬੀ ਕਰੀਮ ਸਲੱਲਾਹੋ ਅਲੈਹਿ ਵਸਲੱਮ ਖ਼ਾਨਾ ਕਾਅਬਾ ਵਿਚੱ ਨਮਾਜ਼ ਪੜ੍ਹ ਰਹੇ ਸਨ ਅਤੇ ਸਜਦੇ ਦੀ ਹਾਲਤ ਵਿਚੱ ਸਨ ਕਿ ਮੱਕੇ ਵਾਲਿਆਂ ਨੇ ਜਾਨਵਰ ਦੀ ਬੱਚਾਦਾਨੀ ਆਪ ਦੇ ਮੋਡਿਆਂ ਵਿਚੱਕਾਰ ਰਖੱ ਦਿੱਤੀ । ਹਜ਼ੂਰੇ ਅਕਰਮ ਸਲੱਲਾਹੋ ਅਲੈਹਿ ਵਸਲੱਮ ਸਜਦੇ ਵਿਚੱ ਹੀ ਰਹੇ ਅਤੇ ਕੁੱਫ਼ਾਰ ਹੱਸਦੇ ਰਹੇ । ਇੱਥੇ ਤਕੱ ਕਿ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਉੱਥੇ ਆ ਗਈਂ ਅਤੇ ਉਹ ਭਾਰੀ ਚੀਜ਼ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਮੋਡਿਆਂ ਉੱਤੇ ਲਾਹੀ । ਇਸ ਮੌਕੇ ਉੱਤੇ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੇ ਦੂਆ ਕੀਤੀ ਕਿ ਹੇ ਰਬੱ ! ਤੂੰ ਕੁਰੈਸ਼ ਨੂੰ ਫ਼ੜ੍ਹ । ਫ਼ਿਰ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਉਮਰ ਬਿਨ ਹੱਸ਼ਾਮ, ਅਤਬਾ ਬਿਨ ਰਬੀਆ, ਸ਼ੈਬਾਅ ਬਿਨ ਰਬੀਆ, ਵਲੀਦ ਬਿਨ ਅਤਬਾ, ਉਮੱਯਾ ਬਿਨ ਖ਼ਲਫ਼ ਅਤੇ ਕੁਝੱ ਹੋਰ ਕੁੱਫ਼ਾਰ ਦੇ ਨਾਂ ਲੈ ਕੇ ਦੂਆ ਕੀਤੀ ਕਿ ਹੇ ਰਬੱ ! ਇਹਨਾਂ ਨੂੰ ਫ਼ੜ । ਹਜ਼ਰਤ ਅਬਦੁੱਲਾਹ ਕਹਿੰਦੇ ਹਨ ਕਿ ਰਬੱ ਦੀ ਕਸਮ ! ਮੈਂ ਬਦਰ ਦੇ ਦਿਨ ਆਪ ਉਹਨਾਂ ਨੂੰ ਡਿੱਗੇ ਹੋਏ ਵੇਖਿਆ । ਫ਼ਿਰ ਉਹਨਾਂ ਨੂੰ ਘਸੀਟ ਕੇ ਬਦਰ ਦੇ ਟੋਏ ਵਿਚੱ ਸੁਟਿੱਆ ਗਿਆ । ਇਸ ਮੌਕੇ ਉੱਤੇ ਹਜ਼ੂਰੇ ਅਕਰਮ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਟੋਏ ਵਾਲੇ ਲਾਨ੍ਹਤ ਹੇਠਾਂ ਹਨ ।

ਹਜ਼ਰਤ ਅਬੂ ਤਲਹਾ ਅੰਨਸਾਰੀ ਰਜ਼ੀ ਅੱਲਾਹ ਅੰਨਹੋ ਤੋਂ ਰਵਾਯਤ ਹੈ ਕਿ ਨਬੀ ਕਰੀਮ ਸਲੱਲਾਹੋ ਅਲੈਹਿ ਵਸਲੱਮ ਨੇ ਜੰਗੇ ਬਦਰ ਦੇ ਦਿਨ ਕੁੱਫ਼ਾਰ ਦੇ 24 ਬੰਦਿਆਂ ਬਾਰੇ ਹੁਕਮ ਦਿੱਤਾ ਅਤੇ ਉਹਨਾਂ ਨੂੰ

ਬਦਰ ਦੇ ਟੋਏ ਵਿਚੱ ਸੁਟੱ ਦਿੱਤਾ ਗਿਆ। ਬਦਰ ਤੋਂ ਵਾਪਸੀ ਉੱਤੇ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਉਸ ਟੋਏ ਦੇ ਕੰਢੇ ਉੱਤੇ ਖੜੇ ਹੋਏ ਅਤੇ ਉਹਨਾਂ ਕੁੱਫ਼ਾਰਾਂ ਨੂੰ ਉਹਨਾਂ ਦੇ ਪਿਓ ਦੇ ਨਾਂ ਨਾਲ ਸਦੱਣ ਲੱਗੇ ਅਤੇ ਫ਼ਰਮਾਇਆ : ਕਾਸ਼ ਤੁਸੀਂ ਰਬੱ ਅਤੇ ਉਸ ਦੇ ਰਸੂਲ ਦੀ ਆਗਿਆ ਪਾਲਣਾ ਕੀਤੀ ਹੁੰਦੀ। ਅਸੀਂ ਤਾਂ ਉਹ ਸਭ ਕੁਝੱ ਪਾ ਲਿਆ। ਜੋ ਰਬੱ ਨੇ ਆਪਣੇ ਰਸੂਲ ਤੋਂ ਵਚਨ ਕੀਤਾ ਸੀ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਇਸ ਕਿੱਸੇ ਦਾ ਜ਼ਿਕਰ ਕਰਕੇ ਫ਼ਰਮਾਉਂਦੇ ਹਨ ਕਿ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੇ ਇਹਨਾਂ ਸ਼ਬਦਾਂ ਨਾਲ ਕਿ ਹੇ ਟੋਏ ਵਾਲਿਓਂ ! ਤੁਸੀਂ ਮੇਰੇ ਨਾਲ ਜੰਗ ਕੀਤੀ ਅਤੇ ਦੂਜੀਆਂ ਨੇ ਮੇਰੀ ਮਦਦ ਕੀਤੀ। ਇਹੀ ਪ੍ਰਕਟ ਹੁੰਦਾ ਹੈ ਕਿ ਆਪ ਆਪਣੀ ਥਾਂ ਇਹ ਵਿਸ਼ਵਾਸ ਰਖੱਦੇ ਸੀ ਕਿ ਇਹਨਾਂ ਜੰਗਾਂ ਦਾ ਆਰੰਭ ਕੁੱਫ਼ਾਰ ਨੇ ਕੀਤਾ ਹੈ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਮਜਬੂਰ ਹੋ ਕੇ ਕੇਵਲ ਆਪਣੀ ਰਾਖੀ ਲਈ ਤਲਵਾਰ ਚੁੱਕੀ।

ਜੀਵਨੀ ਦੀ ਕਿਤਾਬਾਂ ਵਿਚੱ ਜੰਗੇ ਬਦਰ ਦੇ ਜ਼ਿਕਰ ਵਿਚੱ ਹਜ਼ੂਰੇ ਅਕਰਮ ਸਲੱਲਾਹੋ ਅਲੈਹਿ ਵਸਲੱਮ ਦੇ ਕੁਝੱ ਚਮਤਕਾਰਾਂ ਦਾ ਵੀ ਜ਼ਿਕਰ ਮਿਲਦਾ ਹੈ। ਸੋ, ਅਕਾਸ਼ਾ ਬਿਨ ਮਹਸਨ ਰਜ਼ੀ ਅੱਲਾਹ ਅੰਨਹੋ ਬਾਰੇ ਲਿਖਿੱਆ ਹੈ ਕਿ ਬਦਰ ਦੇ ਦਿਨ ਉਹ ਆਪਣੀ ਤਲਵਾਰ ਨਾਲ ਲੜ੍ਹਦੇ ਰਹੇ। ਇੱਥੇ ਤਕੱ ਕਿ ਉਹ ਉਹਨਾਂ ਦੇ ਹਥੱ ਵਿਚੱ ਟੁਟੱ ਗਈ। ਇਸ ਉੱਤੇ ਉਹ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੀ ਸੇਵਾ ਵਿਚੱ ਹਾਜ਼ਰ ਹੋਏ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਉਹਨਾਂ ਨੂੰ ਇਕੱ ਲਕੜ੍ਹ ਬਖ਼ਸ਼ੀ ਅਤੇ ਫ਼ਰਮਾਇਆ ਕਿ ਤੁਸੀਂ ਇਸ ਨਾਲ ਕੁੱਫ਼ਾਰ ਨਾਲ ਜੰਗ ਕਰੋ। ਅਕਾਸ਼ਾ ਰਜ਼ੀ ਅੱਲਾਹ ਅੰਨਹੋ ਨੇ ਇਸ ਲਕੜ ਨੂੰ ਹਲਾਇਆ ਤਾਂ ਉਹ ਉਹਨਾਂ ਦੇ ਹਥੱ ਵਿਚੱ ਤਲਵਾਰ ਬਣ ਗਈ।

ਮੱਕੇ ਵਿਚੱ ਕੁੱਫ਼ਾਰ ਦੀ ਹਾਰ ਦੀ ਖ਼ਬਰ ਕਿਵੇਂ ਪਹੁੰਚੀ। ਉਸ ਦਾ ਜ਼ਿਕਰ ਇੰਝ ਮਿਲਦਾ ਹੈ ਕਿ ਮੁਸ਼ਰਿਕ ਘਬਰਾਹਟ ਵਿਚੱ ਮੱਕੇ ਵਲੱ ਭੱਜੇ। ਸ਼ਰਮ ਅਤੇ ਸ਼ਰਮਿੰਦਗੀ ਨਾਲ ਉਹਨਾਂ ਨੂੰ ਸਮਝ ਨ ਆਉਂਦਾ ਸੀ ਕਿ ਕਿਵੇਂ ਮੱਕੇ ਵਿਚੱ ਦਾਖ਼ਲ ਹੋਣ। ਜਦੱ ਕੁੱਫ਼ਾਰ ਨੇ ਮੱਕੇ ਵਾਲਿਆਂ ਨੂੰ ਕੁਰੈਸ਼ ਦੇ ਸਰਦਾਰਾਂ ਦੇ ਕਤਲ ਹੋਣ ਦੀ ਖ਼ਬਰ ਦਿੱਤੀ ਤਾਂ ਉਹਨਾਂ ਨੂੰ ਵਿਸ਼ਵਾਸ ਨ ਹੋਇਆ। ਕੁਰੈਸ਼ ਨੇ ਕਤਲ ਹੋਣ ਵਾਲਿਆਂ ਦਾ ਮਾਤਮ ਕਰਨ ਅਤੇ ਰੋਣ ਤੋਂ ਲੋਕਾਂ ਨੂੰ ਰੋਕ ਦਿੱਤਾ ਸੀ।

ਦੂਜੇ ਪਾਸੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨੇ ਮਦੀਨਾ ਵਾਲਿਆਂ ਨੂੰ ਜਿਤੱ ਦੀ ਖ਼ੁਸ਼ਖ਼ਬਰੀ ਦੇਣ ਲਈ ਹਜ਼ਰਤ ਅਬਦੁੱਲਾਹ ਬਿਨ ਰਵਾਹ ਰਜ਼ੀ ਅੱਲਾਹ ਅੰਨਹੋ ਨੂੰ ਉਪਰਲੇ ਮਦੀਨਾ ਜਦੱ ਕਿ ਹਜ਼ਰਤ ਜ਼ੈਦ ਬਿਨ ਹਾਰਸ ਰਜ਼ੀ ਅੱਲਾਹ ਅੰਨਹੋ ਨੂੰ ਹੇਠਲੇ ਮਦੀਨੇ ਵਲੱ ਭੇਜਿਆ।

ਹਜ਼ਰਤ ਉਸਾਮਾ ਬਿਨ ਜ਼ੈਦ ਰਜ਼ੀ ਅੱਲਾਹ ਅੰਨਹੋ ਕਹਿੰਦੇ ਹਨ ਕਿ ਸਾਨੂੰ ਜਿਤੱ ਦੀ ਖ਼ੁਸ਼ਖ਼ਬਰੀ ਉਦੋਂ ਮਿਲੀ ਜਦੱ ਅਸੀਂ ਹਜ਼ਰਤ ਰੁਕੱਯਾ ਬਿਨਤੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਪਤਨੀ ਹਜ਼ਰਤ ਉਸਮਾਨ ਬਿਨ ਅੱਫ਼ਾਨ ਰਜ਼ੀ ਅੱਲਾਹ ਅੰਨਹੋ ਦੀ ਕਬਰ ਦੀ ਮਿੱਟੀ ਬਰਾਬਰ ਕਰ ਦਿੱਤੀ ਸੀ।

ਜਦੱ ਜ਼ੈਦ ਬਿਨ ਹਾਰਸ ਰਜ਼ੀ ਅੱਲਾਹ ਅੰਨਹੋ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੀ ਊਂਠਣੀ ਉੱਤੇ ਸਵਾਰ ਹੋ ਕੇ ਮਦੀਨਾ ਵਿਚੱ ਦਾਖ਼ਲ ਹੋਏ ਤਾਂ ਮੁਨਾਫ਼ਕਾਂ ਅਤੇ ਯਹੂਦੀਆਂ ਨੇ ਇਹ ਕਹਿਣਾ ਸ਼ੁਰੂ ਕਰ

ਦਿੱਤਾ ਕਿ ਮੁਸਲਮਾਨਾਂ ਨੂੰ ਜੰਗ ਵਿਚੱ ਹਾਰ ਹੋ ਗਈ ਹੈ ਅਤੇ (ਰਬੱ ਦੀ ਪਨਾਹ) ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਵੀ ਜੰਗ ਵਿਚੱ ਮਾਰੇ ਗਏ ਹਨ । ਇਸੇ ਲਈ ਜ਼ੈਦ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਊਠਣੀ ਉੱਤੇ ਸਵਾਰ ਹੋ ਕੇ ਆ ਰਹੇ ਹਨ । ਜਦੱ ਜ਼ੈਦ ਬਿਨ ਹਾਰਸ ਰਜ਼ੀ ਅੱਲਾਹ ਅੰਨਹੋ ਨੇ ਜਿਤੱ ਦੀ ਖ਼ੁਸ਼ਖ਼ਬਰੀ ਸੁਣਾਈ ਅਤੇ ਕੁਰੈਸ਼ ਦੇ ਸਰਦਾਰਾਂ ਦੇ ਨਾਂ ਲੈ ਲੈ ਕੇ ਦਸਿੱਆ ਕਿ ਉਹ ਉਹ ਕੁਰੈਸ਼ ਦੇ ਸਰਦਾਰ ਮਾਰੇ ਗਏ ਹਨ ਤਾਂ ਮੁਨਾਫ਼ਕ ਕਹਿਣ ਲਗੱ ਗਏ ਕਿ ਇੰਝ ਕਿਵੇਂ ਸਕਦਾ ਹੈ । ਲਗੱਦਾ ਹੈ ਜੰਗ ਵਿਚੱ ਹਾਰ ਅਤੇ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੇ ਕਤਲ ਕਰਕੇ ਜ਼ੈਦ ਦਾ ਦਮਾਗ਼ ਖ਼ਰਾਬ ਹੋ ਗਿਆ ਹੈ ।

ਮਦੀਨਾ ਵਾਲੇ ਜਿਤੱ ਦੀ ਖ਼ੁਸ਼ੀ ਵਿਚੱ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦਾ ਸਵਾਗਤ ਕਰਨ ਲਈ ਮਦੀਨੇ ਤੋਂ ਬਾਹਰ ਨਿਕਲ ਆਏ । ਉਹਨਾਂ ਮੁਸਲਮਾਨਾਂ ਦੀ ਖ਼ੁਸ਼ੀ ਵੇਖਣ ਵਾਲੀ ਸੀ ।

ਇਸ ਜੰਗ ਵਿਚੱ ਮੁਸਲਮਾਨਾਂ ਨੂੰ ਮਾਲੇ ਗ਼ਨੀਮਤ ਵਿਚੱ 150 ਊਠ ਅਤੇ ਦਸੱ ਘੋੜ੍ਹੇ ਮਿਲੇ । ਇਸ ਤੋਂ ਬਿਨਾਂ ਹਰ ਕਿਸਮ ਦਾ ਸਮਾਨ, ਹਥਿਆਰ, ਕਪੜ੍ਹੇ, ਖੱਲ੍ਹਾਂ, ਰੰਗ ਕੀਤਾ ਚਮੜ੍ਹਾ ਅਤੇ ਉੰਨ ਆਦਿ ਵੀ ਮਾਲੇ ਗ਼ਨੀਮਤ ਵਿਚੱ ਪ੍ਰਾਪਤ ਹੋਏ । ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨੇ ਆਪਣਾ ਹਿੱਸਾ ਵੀ ਹੋਰ ਸਹਾਬੀਆਂ ਰਜ਼ੀ ਅੱਲਾਹ ਅੰਹੁਮਾ ਦੇ ਬਰਾਬਰ ਰਖਿੱਆ । ਸਹਾਬਾ ਰਜ਼ੀ ਅੱਲਾਹ ਅੰਨਹੁਮਾ ਨੇ ਇਕੱ ਤਲਵਾਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਲਈ ਰਖੱ ਲਈ । ਇੰਝ ਹੀ ਇਕੱ ਊਠ ਜੋ ਅਬੂ ਜਹਲ ਦਾ ਸੀ । ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੂੰ ਮਿਲਿਆ ਸੀ । ਜੀਵਨੀ ਦੀ ਕਿਤਾਬਾਂ ਵਿਚੱ ਇਸ ਤਲਵਾਰ ਅਤੇ ਊਠ ਨੂੰ ਬਹੁਤ ਮਹਤੱਤਾ ਦਿੱਤੀ ਗਈ ਹੈ । ਇਸ ਤਲਵਾਰ ਦਾ ਨਾਂ "ਜ਼ੂਲਫ਼ਕਾਰ" ਸੀ । ਬਾਦ ਵਿਚੱ ਹੋਰ ਜੰਗਾਂ ਵਿਚੱ ਵੀ ਆਪ ਸਲੱਲਾਹੋ ਅਲੈਹਿ ਵਸਲੱਮ ਇਸ ਤਲਵਾਰ ਨੂੰ ਆਪਣੇ ਕੋਲ੍ਹ ਰਖੱਦੇ । ਨਬੀ ਕਰੀਮ ਸਲੱਲਾਹੋ ਅਲੈਹਿ ਵਸਲੱਮ ਦੇ ਬਾਦ ਇਹ ਤਲਵਾਰ ਅੱਬਾਸੀ ਖ਼ਲੀਫ਼ਿਆਂ ਦੇ ਕੋਲ੍ਹ ਰਹੀ । ਇੰਝ ਉਹ ਊਠ ਸੁਲਹਾ ਹੁਦੈਬਿਆ ਤਕੱ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਕੋਲ੍ਹ ਰਿਹਾ ਅਤੇ ਸੁਲਹਾ ਹੁਦੈਬਿਆ ਦੇ ਮੌਕੇ ਉੱਤੇ ਆਪ ਸਲੱਲਾਹੋ ਅਲੈਹਿ ਵਸਲੱਮ ਉਸ ਊਠ ਨੂੰ ਕੁਰਬਾਨੀ ਦੇ ਤੌਰ ਉੱਤੇ ਆਪਣੇ ਨਾਲ ਲੈ ਗਏ ।

ਮਾਲੇ ਗ਼ਨੀਮਤ ਦੀ ਵੰਡ ਵਿਚੱ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਸ਼ਹੀਦਾਂ ਦੇ ਵਾਰਸਾਂ ਨੂੰ ਉਹਨਾਂ ਦਾ ਹਿੱਸਾ ਦਿੱਤਾ । ਇੰਝ ਹੀ ਮਦੀਨਾ ਵਿਚੱ ਮੌਜੂਦ ਉਤੱਰ ਅਧਿਕਾਰੀਆਂ ਅਤੇ ਹੋਰ ਸਹਾਬੀਆਂ ਜੋ ਵੱਖੋ ਵਖੱ ਜ਼ਿੰਮੇਦਾਰੀਆਂ ਕਰਕੇ ਜੰਗ ਵਿਚੱ ਸ਼ਾਮਿਲ ਨ ਹੋ ਸਕੇ । ਉਹਨਾਂ ਨੂੰ ਵੀ ਉਹਨਾਂ ਦਾ ਹਿੱਸਾ ਦਿੱਤਾ ।

ਜੰਗੇ ਬਦਰ ਦੇ ਕੈਦੀਆਂ ਨੂੰ ਫ਼ਿਦਯਾ ਲੈ ਕੇ ਛਡੱ ਦਿੱਤਾ ਗਿਆ । ਫ਼ਿਦਯੇ ਦੀ ਰਕਮ ਇਕੱ ਹਜ਼ਾਰ ਤੋਂ ਚਾਰ ਹਜ਼ਾਰ ਦਰਹਮ ਤਕੱ ਸੀ । ਜੋ ਫ਼ਿਦਯਾ ਨਹੀਂ ਦੇ ਸਕਦਾ ਸੀ । ਉਸ ਲਈ ਸ਼ਰਤ ਸੀ ਕਿ ਉਹ ਮਦੀਨੇ ਦੇ ਬੱਚਿਆਂ ਨੂੰ ਲਿਖੱਣਾ ਪੜ੍ਹਣਾ ਸਿਖਾ ਦੇਵੇ ਤਾਂ ਉਸ ਨੂੰ ਛਡੱ ਦਿੱਤਾ ਜਾਵੇਗਾ । ਇੰਝ ਹੀ ਕੁਝੱ ਕੈਦੀਆਂ ਨੂੰ ਘਟੱ ਫ਼ਿਦਯਾ ਜਾਂ ਬਿਨਾਂ ਫ਼ਿਦਯੇ ਦੇ ਵੀ ਛਡੱ ਦਿੱਤਾ ਸੀ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਨੇ ਇਸ ਬਾਰੇ ਵਿਚੱ ਲਿਖਿੱਆ ਹੈ ਕਿ ਮਦੀਨਾ ਪਹੁੰਚ ਕੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਕੈਦੀਆਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਕਿ ਉਹਨਾਂ ਬਾਰੇ ਕੀ ਕਰਨਾ ਚਾਹੀਦਾ ਹੈ । ਅਰਬ ਵਿਚੱ ਆਮ ਤੌਰ ਉੱਤੇ ਕੈਦੀਆਂ ਨੂੰ ਕਤਲ ਕਰ ਦੇਣ ਜਾਂ ਸਦੇਵੀਂ ਤੌਰ ਉੱਤੇ ਗ਼ੁਲਾਮ ਬਣਾ ਲੈਣ ਦਾ ਤਰੀਕਾ

ਸੀ। ਪਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਇਹ ਗਲੱ ਬਹੁਤ ਗ਼ਲਤ ਲਗੱਦੀ ਸੀ ਅਤੇ ਫ਼ਿਰ ਹਾਲੇ ਤਕੱ ਇਸ ਬਾਰੇ ਵਿਚੱ ਕੋਈ ਰੱਬੀ ਹੁਕਮ ਵੀ ਨਹੀਂ ਆਇਆ ਸੀ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਕਿਹਾ ਕਿ ਮੇਰੀ ਰਾਏ ਅਨੁਸਾਰ ਇਹਨਾਂ ਨੂੰ ਫ਼ਿਦਯਾ ਲੈ ਕੇ ਛਡੱ ਦੇਣਾ ਚਾਹਿਦਾ ਹੈ। ਕਿਉਂਕਿ ਆਖਿਰ ਇਹ ਲੋਕ ਆਪਣੇ ਹੀ ਭਰਾ ਹਨ ਅਤੇ ਕੀ ਹੈਰਾਨੀ ਕਿ ਕਲੱ ਨੂੰ ਇਹਨਾਂ ਵਿੱਚੋਂ ਹੀ ਇਸਲਾਮ ਦੇ ਸ਼ਰਧਾਵਾਨ ਪੈਦਾ ਹੋ ਜਾਣ। ਪਰ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਨੇ ਇਸ ਰਾਏ ਦੀ ਵਿਰੋਧਤਾ ਕੀਤੀ ਅਤੇ ਕਿਹਾ ਕਿ ਦੀਨ ਦੇ ਮਾਮਲੇ ਵਿਚੱ ਰਿਸ਼ਤੇਦਾਰੀ ਦਾ ਕੋਈ ਪਾਸ ਨਹੀਂ ਹੋਣਾ ਚਾਹੀਦਾ ਅਤੇ ਇਹ ਲੋਕ ਆਪਣੇ ਕਰਮ ਕਰਕੇ ਕਤਲ ਯੋਗ ਹੋ ਗਏ ਹਨ। ਸੋ, ਮੇਰੀ ਰਾਏ ਵਿਚੱ ਇਹਨਾਂ ਸਾਰੀਆਂ ਨੂੰ ਕਤਲ ਕਰ ਦੇਣਾ ਚਾਹੀਦਾ ਹੈ। ਸਗੋਂ ਹੁਕਮ ਦਿੱਤਾ ਜਾਵੇ ਕਿ ਮੁਸਲਮਾਨ ਆਪ ਆਪਣੇ ਹਥੱ ਨਾਲ ਆਪਣੇ ਆਪਣੇ ਰਿਸ਼ਤੇਦਾਰ ਨੂੰ ਕਤਲ ਕਰਨ। ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੇ ਆਪਣੇ ਕੁਦਰਤੀ ਰਹਿਮ ਤੋਂ ਪ੍ਰਭਾਵਿਤ ਹੋ ਕੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਰਾਏ ਨੂੰ ਪਸੰਦ ਫ਼ਰਮਾਇਆ ਅਤੇ ਕਤਲ ਦੇ ਖ਼ਿਲਾਫ਼ ਫ਼ੈਸਲਾ ਕੀਤਾ ਅਤੇ ਹੁਕਮ ਦਿੱਤਾ ਕਿ ਜੋ ਮੁਸ਼ਰਿਕ ਆਪਣਾ ਫ਼ਿਦਯਾ ਆਦਿ ਅਦਾ ਕਰ ਦੇਣ ਉਨ੍ਹਾਂ ਨੂੰ ਛਡੱ ਦਿੱਤਾ ਜਾਵੇ। ਸੋ, ਬਾਦ ਵਿਚੱ ਇਸੇ ਅਨੁਸਾਰ ਰੱਬੀ ਹੁਕਮ ਆਇਆ। ਸੋ, ਹਰ ਇਕੱ ਦੇ ਅਨੁਸਾਰ ਇਕੱ ਹਜ਼ਾਰ ਤੋਂ ਚਾਰ ਹਜ਼ਾਰ ਦਰਹਮ ਤਕੱ ਉਸ ਦਾ ਫ਼ਿਦਯਾ ਤੈਅ ਕਰ ਦਿੱਤਾ ਗਿਆ ਅਤੇ ਇੰਝ ਕੈਦੀ ਰਿਹਾ ਹੁੰਦੇ ਗਏ।

ਜੰਗੇ ਬਦਰ ਦਾ ਜ਼ਿਕਰ ਜਾਰੀ ਰਹਿਣ ਬਾਰੇ ਦਸੱਣ ਦੇ ਬਾਦ ਹਜ਼ੂਰੇ ਅਨਵਰ ਨੇ ਹੇਠ ਲਿੱਖੇ ਸਵਰਗ ਵਾਸੀਆਂ ਦਾ ਜ਼ਿਕਰ ਕੀਤਾ ਅਤੇ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ :

1) ਰਾਨਾ ਅਬਦੁਲੱ ਹਮੀਦ ਖ਼ਾਨ ਸਾਹਿਬ ਕਾਠਗੜ੍ਹੀ ਮੁਰੱਬੀ ਸਿਲਸਿਲਾ ਅਤੇ ਨਾਇਬ ਨਾਜ਼ਿਮ ਮਾਲ ਵਕਫ਼ੇ ਜਦੀਦ ਪਾਕਿਸਤਾਨ
2) ਸ੍ਰੀਮਤੀ ਨੁਸਰਤ ਜਹਾਂ ਅਹਮਦ ਸਾਹਿਬਾ ਪਤਨੀ ਸ੍ਰੀਮਾਨ ਮੁਬਸ਼ਿਰ ਅਹਮਦ ਸਾਹਿਬ ਮੁਰੱਬੀ ਸਿਲਸਿਲਾ ਅਮਰੀਕਾ

ਹਜ਼ੂਰੇ ਅਨਵਰ ਨੇ ਦੋਵੇਂ ਸਵਰਗ ਵਾਸੀਆਂ ਦੀ ਬਖ਼ਸ਼ਿਸ਼ ਅਤੇ ਸਵਰਗ ਵਿਚੱ ਉੱਚੇ ਦਰਜੇ ਦੀ ਪ੍ਰਾਪਤ ਲਈ ਦੁਆ ਕੀਤੀ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ
یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔